# ਜੋ ਵੂਸੀ ਦੀ ਭੈਣ ਨੇ ਕਿਹਾ

Nina Orange

Wiehan de Jager

Anu Gill

4

ਪੰਜਾਬੀ pa

ਇੱਕ ਦਿਨ ਸਵੇਰੇ ਦਾਦੀ ਨੇ ਵੂਸੀ ਨੂੰ ਆਵਾਜ਼ ਦਿੱਤੀ, “ਵੂਸੀ, ਕਿਰਪਾ ਕਰਕੇ ਆਪਣੇ ਮਾਤਾ-ਪਿਤਾ ਨੂੰ ਇਹ ਅੰਡਾ ਦੇ ਆ। ਉਹ ਤੇਰੀ ਭੈਣ ਦੇ ਵਿਆਹ ਲਈ ਇੱਕ ਵੱਡਾ ਕੇਕ ਬਣਾਉਣਾ ਚਾਹੁੰਦੇ ਹਨ।”

ਉਸ ਦੇ ਮਾਤਾ-ਪਿਤਾ ਦੇ ਘਰ ਜਾਂਦੇ ਹੋਏ, ਵੂਸੀ ਨੂੰ ਦੋ ਮੁੰਡੇ ਫ਼ਲ ਤੋੜਦੇ ਮਿਲੇ। ਇੱਕ ਮੁੰਡੇ ਨੇ ਵੂਸੀ ਤੋਂ ਅੰਡਾ ਖੋਇਆ ਅਤੇ ਰੁੱਖ ਤੇ ਸੁੱਟਿਆ। ਅੰਡਾ ਟੁੱਟ ਗਿਆ।

“ਇਹ ਤੂੰ ਕੀ ਕੀਤਾ?” ਵੂਸੀ ਰੋਇਆ। “ਉਹ ਅੰਡਾ ਕੇਕ ਲਈ ਸੀ। ਕੇਕ ਮੇਰੀ ਭੈਣ ਦੇ ਵਿਆਹ ਲਈ ਸੀ। ਮੇਰੀ ਭੈਣ ਕੀ ਕਹੇਗੀ ਜੇ ਵਿਆਹ ਵਿੱਚ ਕੋਈ ਕੇਕ ਨਾ ਹੋਇਆ?”

ਮੁੰਡਿਆਂ ਨੇ ਵੂਸੀ ਨੂੰ ਛੇੜਨ ਦਾ ਅਫ਼ਸੋਸ ਮੰਨਿਆ। “ਅਸੀਂ ਕੇਕ ਨਾਲ ਮਦਦ ਨਹੀਂ ਕਰ ਸਕਦੇ ਪਰ ਇਹ ਤੇਰੀ ਭੈਣ ਲਈ ਸੋਟੀ ਹੈ,” ਇੱਕ ਨੇ ਕਿਹਾ। ਵੂਸੀ ਆਪਣੀ ਯਾਤਰਾ ਤੇ ਜਾਰੀ ਰਿਹਾ।

ਰਸਤੇ ਵਿੱਚ ਉਸ ਨੂੰ ਦੋ ਆਦਮੀ ਘਰ ਬਣਾਉਂਦੇ ਮਿਲੇ। “ਕੀ ਅਸੀਂ ਉਹ ਮਜ਼ਬੂਤ ਸੋਟੀ ਵਰਤ ਸਕਦੇ ਹਾਂ?” ਇੱਕ ਨੇ ਪੁੱਛਿਆ। ਪਰ ਸੋਟੀ ਇਮਾਰਤ ਲਈ ਮਜ਼ਬੂਤ ਨਹੀਂ ਸੀ, ਅਤੇ ਉਹ ਟੁੱਟ ਗਈ।

“ਇਹ ਤੂੰ ਕੀ ਕੀਤਾ?” ਵੂਸੀ ਰੋਇਆ। “ਉਹ ਸੋਟੀ ਮੇਰੀ ਭੈਣ ਲਈ ਤੋਹਫ਼ਾ ਸੀ। ਫ਼ਲ ਤੋੜਨ ਵਾਲਿਆਂ ਨੇ ਮੈਨੂੰ ਸੋਟੀ ਦਿੱਤੀ ਸੀ ਕਿਉਂਕਿ ਉਹਨਾਂ ਨੇ ਕੇਕ ਲਈ ਅੰਡਾ ਤੋੜ ਦਿੱਤਾ ਸੀ। ਕੇਕ ਮੇਰੀ ਭੈਣ ਦੇ ਵਿਆਹ ਲਈ ਸੀ। ਹੁਣ ਕੋਈ ਅੰਡਾ, ਕੋਈ ਕੇਕ, ਅਤੇ ਕੋਈ ਤੋਹਫ਼ਾ ਨਹੀਂ ਹੈ। ਮੇਰੀ ਭੈਣ ਕੀ ਕਹੇਗੀ?”

ਬਿਲਡਰਾਂ ਨੇ ਸੋਟੀ ਤੋੜਨ ਦਾ ਅਫ਼ਸੋਸ ਮੰਨਿਆ। “ਅਸੀਂ ਕੇਕ ਨਾਲ ਮਦਦ ਨਹੀਂ ਕਰ ਸਕਦੇ ਪਰ ਇਹ ਤੇਰੀ ਭੈਣ ਲਈ ਕੁਝ ਘਾਹ-ਫੂਸ ਹੈ,” ਇੱਕ ਨੇ ਕਿਹਾ। ਅਤੇ ਇਸ ਤਰ੍ਹਾਂ ਵੂਸੀ ਆਪਣੀ ਯਾਤਰਾ ਤੇ ਜਾਰੀ ਰਿਹਾ।

ਰਸਤੇ ਵਿੱਚ, ਵੂਸੀ ਨੂੰ ਇੱਕ ਕਿਸਾਨ ਅਤੇ ਗਾਂ ਮਿਲੇ। “ਕੀ ਸੁਆਦੀ ਘਾਹ-ਫੂਸ ਹੈ, ਕੀ ਮੈਂ ਇੱਕ ਟੁਕੜਾ ਲੈ ਸਕਦਾ ਹਾਂ?” ਗਾਂ ਨੇ ਪੁੱਛਿਆ। ਪਰ ਘਾਹ-ਫੂਸ ਇੰਨ੍ਹੀ ਸਵਾਦ ਸੀ ਕਿ ਗਾਂ ਸਾਰੀ ਖਾ ਗਈ!

“ਇਹ ਤੂੰ ਕੀ ਕੀਤਾ?” ਵੂਸੀ ਰੋਇਆ। “ਉਹ ਘਾਹ-ਫੂਸ ਮੇਰੀ ਭੈਣ ਲਈ ਤੋਹਫ਼ਾ ਸੀ। ਬਿਲਡਰਾਂ ਨੇ ਮੈਨੂੰ ਘਾਹ-ਫੂਸ ਦਿੱਤੀ ਸੀ ਕਿਉਂਕਿ ਉਹਨਾਂ ਨੇ ਫ਼ਲ ਤੋੜਨ ਵਾਲਿਆਂ ਦੀ ਸੋਟੀ ਤੋੜ ਦਿੱਤੀ ਸੀ। ਫ਼ਲ ਤੋੜਨ ਵਾਲਿਆਂ ਨੇ ਮੈਨੂੰ ਸੋਟੀ ਦਿੱਤੀ ਸੀ ਕਿਉਂਕਿ ਉਹਨਾਂ ਨੇ ਕੇਕ ਲਈ ਅੰਡਾ ਤੋੜ ਦਿੱਤਾ ਸੀ। ਕੇਕ ਮੇਰੀ ਭੈਣ ਦੇ ਵਿਆਹ ਲਈ ਸੀ। ਹੁਣ ਕੋਈ ਅੰਡਾ, ਕੋਈ ਕੇਕ, ਅਤੇ ਕੋਈ ਤੋਹਫ਼ਾ ਨਹੀਂ ਹੈ। ਮੇਰੀ ਭੈਣ ਕੀ ਕਹੇਗੀ?”

ਗਾਂ ਨੇ ਲਾਲਚੀ ਹੋਣ ਦਾ ਅਫ਼ਸੋਸ ਮੰਨਿਆ। ਕਿਸਾਨ ਸਹਿਮਤ ਸੀ ਕਿ ਗਾਂ ਉਸ ਦੀ ਭੈਣ ਲਈ ਤੋਹਫ਼ੇ ਦੇ ਰੂਪ ਵਿੱਚ ਵੂਸੀ ਨਾਲ ਜਾ ਸਕਦੀ ਹੈ। ਅਤੇ ਇਸ ਤਰ੍ਹਾਂ ਵੂਸੀ ਜਾਰੀ ਰਿਹਾ।

ਪਰ ਗਾਂ ਰਾਤ ਦੇ ਖਾਂਣੇ ਸਮੇਂ ਵਾਪਸ ਕਿਸਾਨ ਕੋਲ ਭੱਜ ਗਈ। ਅਤੇ ਵੂਸੀ ਆਪਣੀ ਯਾਤਰਾ ਤੇ ਗੁੰਮ ਹੋ ਗਿਆ। ਉਹ ਆਪਣੀ ਭੈਣ ਦੇ ਵਿਆਹ ਵਿੱਚ ਬਹੁਤ ਦੇਰੀ ਨਾਲ ਪਹੁੰਚਿਆ। ਮਹਿਮਾਨ ਖਾਣਾਂ ਖਾ ਰਹੇ ਸਨ।

“ਮੈਂ ਕੀ ਕਰਾਂ?” ਵੂਸੀ ਰੋਇਆ। “ਗਾਂ ਜੋ ਭੱਜ ਗਈ ਤੋਹਫ਼ਾ ਸੀ, ਬਿਲਡਰਾਂ ਦੀ ਦਿੱਤੀ ਘਾਹ-ਫੂਸ ਦੇ ਬਦਲੇ। ਬਿਲਡਰਾਂ ਨੇ ਮੈਨੂੰ ਘਾਹ-ਫੂਸ ਦਿੱਤੀ ਸੀ ਕਿਉਕਿ ਉਹਨਾਂ ਨੇ ਫ਼ਲ ਤੋੜਨ ਵਾਲਿਆਂ ਦੀ ਸੋਟੀ ਤੋੜ ਦਿੱਤੀ ਸੀ। ਫ਼ਲ ਤੋੜਨ ਵਾਲਿਆਂ ਨੇ ਮੈਨੂੰ ਸੋਟੀ ਦਿੱਤੀ ਸੀ ਕਿਉਕਿ ਉਹਨਾਂ ਨੇ ਕੇਕ ਲਈ ਅੰਡਾ ਤੋੜ ਦਿੱਤਾ ਸੀ। ਕੇਕ ਮੇਰੀ ਭੈਣ ਦੇ ਵਿਆਹ ਲਈ ਸੀ। ਹੁਣ ਕੋਈ ਅੰਡਾ, ਕੋਈ ਕੇਕ, ਅਤੇ ਕੋਈ ਤੋਹਫ਼ਾ ਨਹੀਂ ਹੈ।”

ਵੂਸੀ ਦੀ ਭੈਣ ਨੇ ਥੋੜੀ ਦੇਰ ਲਈ ਸੋਚਿਆ, ਫਿਰ ਉਸ ਨੇ ਕਿਹਾ, “ਵੂਸੀ ਮੇਰੇ ਭਰਾ, ਮੈਂ ਸੱਚਮੁੱਚ ਤੋਹਫ਼ੇ ਬਾਰੇ ਪਰਵਾਹ ਨਹੀਂ ਕਰਦੀ। ਮੈਂ ਕੇਕ ਬਾਰੇ ਵੀ ਪਰਵਾਹ ਨਹੀਂ ਕਰਦੀ! ਆਪਾਂ ਸਭ ਇੱਥੇ ਇਕੱਠੇ ਹਾਂ, ਮੈਂ ਖੁਸ਼ ਹਾਂ। ਹੁਣ ਆਪਣੇ ਵਧੀਆ ਕੱਪੜੇ ਪਾ ਕੇ ਆ ਅਤੇ ਆਪਾਂ ਇਸ ਦਿਨ ਨੂੰ ਮਨਾਈਏ!” ਅਤੇ ਵੂਸੀ ਨੇ ਇਸ ਤਰ੍ਹਾਂ ਹੀ ਕੀਤਾ।

# Global Storybooks

globalstorybooks.net

## ਜੋ ਵੂਮੀ ਦੀ ਭੈਣ ਨੇ ਕਿਹਾ


Nina Orange
Wiehan de Jager
Anu Gill


CC BY